**Press Note**

ਗਿਆਨੀ ਜੈਲ ਸਿੰਘ ਕੈਂਪਸ ਕਾਲਜ ਆਫ ਇੰਜ: ਐਂਡ ਟੈਕਨਾਲੋਜੀ, ਬਠਿੰਡਾ ਦੇ ਵਿਦਿਆਰਥੀਆਂ ਵਲੋਂ IIT, Kanpur ਵਿਖੇ ਮਿਤੀ 20 ਅਕਤੂਬਰ 2016 ਤੋਂ 23 ਅਕਤੂਬਰ ਤੱਕ ਚੱਲੇ ਨੈਸ਼ਨਲ ਲੈਵਲ ਦੇ ਸਾਲਾਨਾ ਉਤਸ਼ਵ ਵਿੱਚ ਹਿੱਸਾ ਲਿਆ ਗਿਆ।ਦੇਸ਼ ਦੇ ਲਗਭਗ 80 ਹੋਰਨਾਂ ਵੱਖ-ਵੱਖ ਕਾਲਜਾਂ ਦੇ ਤਕਰੀਬਨ 2500 ਵਿਦਿਆਰਥੀਆਂ ਨੇ ਇਸ ਸਾਲਾਨਾ ਉਤਸ਼ਵ ANTARAGNI-2016 ਵਿੱਚ ਹਿੱਸਾ ਲਿਆ। IIT, Kanpur ਵਿਖੇ ਹੋਇਆ ਇਹ ਇੱਕ ਇੰਟਰ-ਕਾਲਜ ਉਤਸ਼ਵ ਸੀ ਜਿਸ ਨਾਲ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਅਤੇ ਕਲਾ ਦੇ ਜੌਹਰ ਦਿਖਾਉਣ ਦਾ ਮੌਕਾ ਮਿਲਿਆ।

ਇਸ ਇਵੈਂਟ ਵਿੱਚ ਗਿਆਨੀ ਜੈਲ ਸਿੰਘ ਕੈਂਪਸ ਕਾਲਜ ਆਫ ਇੰਜ: ਐਂਡ ਟੈਕਨਾਲੋਜੀ, ਬਠਿੰਡਾ ਦੇ 32 ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਜਿਵੇਂ ਕਿ ਡਾਂਸ, ਸੰਗੀਤ, ਫਾਈਨ ਆਰਟਸ, ਸਾਹਿਤਕ ਅਤੇ ਫੈਸ਼ਨ ਸ਼ੋਅ ਆਦਿ ਵਿੱਚ ਭਾਗ ਲਿਆ।ਲੋਕ-ਨਾਚ ਦੇ ਮੁਕਾਬਲੇ ਵਿੱਚ ਗਿਆਨੀ ਜ਼ੈਲ ਸਿੰਘ ਕੈਂਪਸ ਨੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਨਾਲ ਹੀ 9000-/ ਰੁਪਏ ਦਾ ਨਗਦ ਇਨਾਮ ਵੀ ਪ੍ਰਾਪਤ ਕੀਤਾ

ਡਿਪਾਰਟਮੈਂਟ ਆਫ ਇਲੈਕਟਰੀਕਲ ਇੰਜ: ਦੇ ਵਿਦਿਆਰਥੀ ਮਨਮੀਤ ਸਿੰਘ ਭਾਟੀਆ ਨੂੰ Mr.ANTARAGN ਦੇ ਅਵਾਰਡ ਅਤੇ 5000-/ ਦੇ ਨਗਦ ਇਨਾਮ ਨਾਲ ਸਨਮਾਨਿਆ ਗਿਆ। ਪ੍ਰੋਫੈਸ਼ਰ, ਮੋਹਨ ਪਾਲ ਸਿੰਘ ਈਸ਼ਰ, ਉੱਪ ਕੁੱਲਪਤੀ (ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ) ਅਤੇ ਰਜਿਸਟਰਾਰ, ਪ੍ਰੋਫੈਸ਼ਰ ਜਸਬੀਰ ਸਿੰਘ ਹੁੰਦਲ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉੱਪ ਕੁੱਲਪਤੀ ਨੇ ਕਿਹਾ ਕਿ ਇਸ ਤਰਾਂ ਦੇ ਇਵੈਂਟਸ ਨਾਲ ਵਿਦਿਆਰਥੀਆਂ ਦਾ ਸਵੈ-ਵਿਸ਼ਵਾਸ਼ ਵਧਦਾ ਹੈ ਅਤੇ ਉਹ ਹਰ ਤਰਾਂ ਦੀ ਚੁਣੌਤੀ ਨੂੰ ਪੂਰਨ ਦੇ ਯੋਗ ਬਣਦੇ ਹਨ।

ਕੈਂਪਸ ਡਾਇਰੈਕਟਰ, ਪ੍ਰੋਫੈਸ਼ਰ ਗੁਰਸ਼ਰਨ ਸਿੰਘ ਅਤੇ ਕਲਚਰਲ ਕੋਆਡੀਨੇਟਰ ਪ੍ਰੋਫੈਸ਼ਰ ਪਰਮਜੀਤ ਸਿੰਘ, ਗਿਆਨੀ ਜੈਲ ਸਿੰਘ ਕੈਂਪਸ ਕਾਲਜ ਆਫ ਇੰਜ: ਐਂਡ ਟੈਕਨਾਲੋਜੀ, ਬਠਿੰਡਾ ਨੇ ਸਮੂਹ ਸਟਾਫ ਅਤੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੇ ਉਦਮਾਂ ਦੀ ਸਰਾਹਨਾਂ ਕੀਤੀ।

